media release

11 ਮਈ, 2018

# ਸਿਟੀ ਆਫ ਬ੍ਰੈਂਪਟਨ ਦੇ ਕਰਮਚਾਰੀ ਨੇ ਓਪਨ ਸਿਟੀ ਚੈਂਪੀਅਨ ਅਵਾਰਡ ਜਿੱਤਿਆ

ਬ੍ਰੈਂਪਟਨ, ਓਨਟੈਰੀਓ – ਅੱਜ, ਸਿਟੀ ਆਫ ਬ੍ਰੈਂਪਟਨ (City of Brampton) ਦੇ ਜੀ.ਆਈ.ਐਸ. (GIS) ਅਤੇ ਓਪਨ ਡੇਟਾ, ਟੀਮ ਪ੍ਰਮੁੱਖ, ਮੈਟ ਪੀਟਰੇਜ਼ਿਨ (Matt Pietryszyn) ਨੂੰ ਓਪਨ ਸਿਟੀ ਚੈਂਪੀਅਨ ਅਵਾਰਡਸ (Open City Champion Awards) ਦਾ ਜੇਤੂ ਘੋਸ਼ਿਤ ਕੀਤਾ ਗਿਆ ਸੀ। ਇੰਟਰਨੈਸ਼ਨਲ ਓਪਨ ਗਵਰਨਮੈਂਟ ਵੀਕ (International Open Government Week) ਦੇ ਹਿੱਸੇ ਵਜੋਂ, ਪਬਲਿਕ ਸੈਕਟਰ ਡਾਈਜੈਸਟ (Public Sector Digest) ਵੱਲੋਂ ਆਯੋਜਿਤ ਓਪਨ ਸਿਟੀ ਚੈਂਪੀਅਨ ਅਵਾਰਡਸ ਵੱਧ ਸਪਸ਼ਟ, ਪਾਰਦਰਸ਼ੀ ਅਤੇ ਜਵਾਬਦੇਹ ਸਥਾਨਕ ਸਰਕਾਰ ਦੀ ਵਚਨਬੱਧਤਾ ਨੂੰ ਮਾਨਤਾ ਦਿੰਦੇ ਹਨ।

ਪਬਲਿਕ ਸੈਕਟਰ ਡਾਈਜੈਸਟ ਨੇ ਓਪਨ ਸਿਟੀ ਚੈਂਪੀਅਨਾਂ ਦੀਆਂ ਤਿੰਨ ਸ਼੍ਰੇਣੀਆਂ ਨੂੰ ਮਾਨਤਾ ਦਿੱਤੀ ਹੈ: ਭਾਈਚਾਰਕ ਆਗੂ (ਕਮਿਊਨਿਟੀ ਲੀਡਰ), ਸਿਟੀ ਕਾਉਂਸਿਲ ਆਗੂ (ਸਿਟੀ ਕਾਉਂਸਿਲ ਲੀਡਰ) ਅਤੇ ਸਿਟੀ ਪ੍ਰਸ਼ਾਸਕੀ ਆਗੂ (ਸਿਟੀ ਐਡਮਿਨਿਸਟ੍ਰੇਟਿਵ ਲੀਡਰ)। ਮੈਟ ਨੇ ਸਿਟੀ ਪ੍ਰਸ਼ਾਸਕੀ ਆਗੂ ਸ਼੍ਰੇਣੀ ਵਿੱਚ ਅਵਾਰਡ ਜਿੱਤਿਆ ਸੀ।

ਜੀ.ਆਈ.ਐਸ. (GIS) ਅਤੇ ਓਪਨ ਡੇਟਾ ਦੇ ਟੀਮ ਪ੍ਰਮੁੱਖ ਵਜੋਂ ਆਪਣੀ ਪੋਜੀਸ਼ਨ ਵਿੱਚ ਮੈਟ ਦੀ ਜ਼ਿੰਮੇਵਾਰੀ ਇੱਕ ਨਵੀਨਤਾਕਾਰੀ ਅਤੇ ਸਮਰਪਿਤ ਟੀਮ ਦੀ ਨਿਗਰਾਨੀ ਕਰਨਾ ਹੈ, ਜਿਸਦਾ ਬ੍ਰੈਂਪਟਨ ਦੇ ਓਪਨ ਡੇਟਾ ਪਲੇਟਫਾਰਮ ਜਿਓਹਬ (GeoHub) 'ਤੇ ਕੰਮ, ਲੋਕਾਂ ਲਈ ਜਨਤਕ ਜਾਣਕਾਰੀ ਤੱਕ ਪਹੁੰਚ ਨੂੰ ਅਸਾਨ ਬਣਾਉਂਦਾ ਹੈ, ਜਿਵੇਂ ਕਿ ਪ੍ਰਾਪਰਟੀ ਦੇ ਨਕਸ਼ੇ, ਬਾਈਕ ਨਕਸ਼ੇ ਅਤੇ ਜ਼ੋਨਿੰਗ ਉਪ-ਨਿਯਮ। ਇਸਦੀ ਵਿਸ਼ੇਸ਼ਤਾ ਪਹਿਲਕਦਮੀ-ਸੰਚਾਲਿਤ ਟੂਲਸ ਹਨ, ਜੋ ਪਾਰਦਰਸ਼ਕਤਾ ਨੂੰ ਵਧਾਉਣ ਅਤੇ ਨਵੀਨਤਾ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ। ਜਿਓਹਬ ਨੂੰ ਨਕਸ਼ਿਆਂ ਅਤੇ ਚਾਰਟਾਂ ਦੀ ਵਰਤੋਂ ਦੁਆਰਾ ਡੇਟਾਸੈਟਸ ਨੂੰ ਜੋੜਨ ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰਨ, ਜਾਂ ਕੋਈ ਕਹਾਨੀ ਦੱਸਣ ਲਈ ਡੇਟਾ ਡਾਊਨਲੋਡ ਕਰਨ ਲਈ ਵਰਤਿਆ ਜਾ ਸਕਦਾ ਹੈ।

ਜੀ.ਆਈ.ਐਸ. (GIS) ਅਤੇ ਓਪਨ ਡੇਟਾ ਦੇ ਟੀਮ ਦੇ ਮੈਂਬਰ ਰਾਜਦੂਤਾਂ (Ambassadors) ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਸਥਾਨਕ ਹਾਈ ਸਕੂਲ ਕਲਾਸਾਂ ਵਿੱਚ ਉਹਨਾਂ ਇਹ ਜਾਣਕਾਰੀ ਸਾਂਝਾ ਕਰਨ ਜਾਂਦੇ ਹਨ ਕਿ ਉਹ ਕਿਵੇਂ ਸਿਟੀ ਦੇ ਅਧਿਕਾਰਕ ਡੇਟੇ ਦਾ ਫ਼ਾਇਦਾ ਲੈ ਸਕਦੇ ਹਨ ਅਤੇ ਜਿਓਹਬ 'ਤੇ ਮਿਲਣ ਵਾਲੇ ਟੂਲਸ ਦਾ ਵਿਸ਼ਲੇਸ਼ਣ ਕਰ ਸਕਦੇ ਹਨ।

ਇਹ ਪਹਿਲੀ ਵਾਰ ਨਹੀਂ ਹੈ ਕਿ ਸਿਟੀ ਅਤੇ ਇਸਦੇ ਸਟਾਫ ਨੂੰ ਓਪਨ ਡੇਟਾ ਵਿੱਚ ਲਗਾਤਾਰ ਯਤਨਾਂ ਲਈ ਮਾਨਤਾ ਦਿੱਤੀ ਗਈ ਹੈ। ਅਕਤੂਬਰ 2017 ਵਿੱਚ, ਸਿਟੀ ਨੂੰ ਓਪਨ ਗਵਰਨਮੈਂਟ ਪਹਿਲਕਦਮੀ ਨੂੰ ਸਹਿਯੋਗ ਕਰਨ ਲਈ ਜੀ.ਆਈ.ਐਸ. ਟੈਕਨੋਲੋਜੀ ਦੀ ਵਰਤੋਂ ਕਰਨ ਲਈ ਭੂਗੋਲਿਕ ਜਾਣਕਾਰੀ ਪ੍ਰਣਾਲੀਆਂ (ਜਿਓਗ੍ਰਾਫਿਕ ਇਨਫਰਮੇਸ਼ਨ ਸਿਸਟਮਸ) (Geographic Information Systems) (GIS) ਦੇ ਖੇਤਰ ਵਿੱਚ ਐਸਰੀ ਕੈਨੇਡਾਜ ਅਵਾਰਡ ਫਾਰ ਇਨੋਵੇਸ਼ਨ (Esri Canada's Award for Innovation) ਮਿਲਿਆ ਸੀ। ਜੂਨ 2017 ਵਿੱਚ, ਸਿਟੀ ਨੂੰ ਐਡਮੋਨਟੋਨ (Edmonton) ਵਿੱਚ ਕੈਨੇਡਿਅਨ ਓਪਨ ਡੇਟਾ ਸਮਿਟ (Canadian Open Data Summit) ਵਿੱਚ ਜਿਓਹਬ ਲਈ ਓਪਨ ਡੇਟਾ ਰਾਈਜ਼ਿੰਗ ਸਟਾਰ (Open Data Rising Star) ਅਵਾਰਡ ਮਿਲਿਆ ਸੀ।

ਬ੍ਰੈਂਪਟਨ ਜਿਓਹਬ (Brampton Geohub) ਦੀ ਪੜਚੋਲ ਕਰਨ ਲਈ, http://geohub.brampton.ca 'ਤੇ ਜਾਓ।

**<u>ਹਵਾਲੇ</u>**

brampton.ca BRAMPTON Flower City

media release

"ਸਿਟੀ ਆਫ ਬ੍ਰੈਂਪਟਨ ਭਵਿੱਖ ਲਈ ਤਿਆਰ ਸ਼ਹਿਰ ਦਾ ਨਿਰਮਾਣ ਕਰਨ 'ਤੇ ਕੰਮ ਕਰ ਰਹੀ ਹੈ, ਅਤੇ ਸਰਕਾਰੀ ਸੇਵਾਵਾਂ ਵਿੱਚ ਉੱਤਮਤਾ ਲਈ ਵਚਨਬੱਧ ਹੈ। ਜਿਓਹਬ ਦੁਆਰਾ, ਸਟਾਫ ਨਾ ਸਿਰਫ਼ ਪਾਰਦਰਸ਼ੀ ਸੇਵਾ ਮੁਹੱਈਆ ਕਰਦਾ ਹੈ, ਬਲਕਿ ਜਿਵੇਂ ਅਸੀਂ ਬ੍ਰੈਂਪਟਨ ਵਾਸੀਆਂ ਨਾਲ ਗੱਲਬਾਤ ਕਰਦੇ ਹਾਂ, ਉਸ ਵਿੱਚ ਨਵੀਨਤਾ ਨੂੰ ਵਿਕਸਿਤ ਕਰਨ ਦਾ ਵੀ ਇਸਦਾ ਉਦੇਸ਼ ਹੈ। ਮੈਟ ਅਤੇ ਜੀ.ਆਈ.ਐਸ. ਅਤੇ ਓਪਨ ਡੇਟਾ ਟੀਮ ਜੋ ਕੰਮ ਕਰ ਰਹੀ ਹੈ, ਮੈਨੂੰ ਉਸਤੇ ਮਾਣ ਹੈ, ਅਤੇ ਮੈਂ ਇਹ ਦੇਖਣ ਲਈ ਉਤਸ਼ਾਹਿਤ ਹਾਂ ਕਿ ਸਟਾਫ਼ ਦੇ ਲਗਾਤਾਰ ਯਤਨ ਜਨਤਾ ਦੀ ਆਪਣੇ ਭਾਈਚਾਰੇ ਬਾਰੇ ਸਮਝ ਅਤੇ ਉਸ ਵਿੱਚ ਭਾਗੀਦਾਰੀ ਨੂੰ ਹੋਰ ਕਿਵੇਂ ਵਧਾਉਣਗੇ।"

- ਜੋਸਫ ਪਿਟਾਰੀ (Joseph Pittari), ਕਮਿਸ਼ਨਰ ਆਫ ਕਾਰਪੋਰੇਟ ਸਰਵਿਸਿਜ

"ਜਿਵੇਂ ਕਿ ਅਸੀਂ ਲਗਾਤਾਰ ਬ੍ਰੈਂਪਟਨ ਦੇ ਜਿਓਹਬ 'ਤੇ ਉਪਲਬਧ ਹੋਰ ਡੇਟਾ ਅਤੇ ਟੂਲਸ ਬਣਾਉਂਦੇ ਰਹਾਂਗੇ, ਇਸ ਨਾਲ ਸਿਟੀ ਨੂੰ ਭਾਈਚਾਰੇ ਨਾਲ ਕੰਮ ਕਰਨ ਅਤੇ ਜੁੜਨ ਦਾ ਇੱਕ ਬੇਜੋੜ ਮੌਕਾ ਮਿਲਦਾ ਹੈ। ਜਨਤਾ ਨਾਲ ਇਹ ਜਾਰੀ ਗੱਲਬਾਤ ਅਤੇ ਭਾਗੀਦਾਰੀ ਭਵਿੱਖ ਲਈ ਤਿਆਰ, ਸਮਾਰਟ ਸਿਟੀ ਦੇ ਤੌਰ 'ਤੇ ਬ੍ਰੈਂਪਟਨ ਦੀ ਸਫਲਤਾ ਲਈ ਬਹੁਤ ਹੀ ਮਹੱਤਵਪੂਰਨ ਹੈ।"

- ਮੈਟ ਪੀਟਰੇਜ਼ਿਨ (Matt Pietryszyn), ਟੀਮ ਪ੍ਰਮੁੱਖ, ਜੀ.ਆਈ.ਐਸ. ਅਤੇ ਓਪਨ ਡੇਟਾ

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca